Alberta

ਨਿਊਜ਼ ਰਿਲੀਜ਼

# ਬੱਜਟ 2026: ਉਸ 'ਚ ਪੂੰਜੀ-ਨਿਵੇਸ਼ ਕਰਨਾਂ ਜੋ ਮਹੱਤਵਪੂਰਨ ਹੈ

ਫਰਵਰੀ 26, 2026

---

ਬੱਜਟ 2026 ਉਨ੍ਹਾਂ ਚੀਜ਼ਾਂ 'ਤੇ ਕੇਂਦਰਿਤ ਹੈ, ਜੋ ਸਭ ਤੋਂ ਵੱਧ ਮਹੱਤਵ ਰੱਖਦੀਆਂ ਹਨ। ਸਿੱਖਿਆ ਨੂੰ ਮਜ਼ਬੂਤ ਕਰਨਾਂ, ਸਿਹਤ-ਸੰਭਾਲ 'ਚ ਸੁਧਾਰ ਲਿਆਉਣਾ ਅਤੇ ਐਲਬਰਟਾ ਦੇ ਸਭ ਤੋਂ ਨਿਰਬਲ ਲੋਕਾਂ ਦੀ ਸਹਾਇਤਾ ਕਰਨਾਂ।

ਕਲਾਸਰੂਮਾਂ, ਸਿਹਤ-ਸੰਭਾਲ ਅਤੇ ਸਮਾਜਿਕ ਸਹਾਇਤਾ ਵਾਸਤੇ ਮੰਗ ਲਗਾਤਾਰ ਵਧਦੀ ਜਾਂਦੀ ਹੈ। ਬੱਜਟ 2026 ਜ਼ਿੰਦਗੀ ਦੇ ਹਰ ਪੜਾਅ 'ਤੇ ਸੇਵਾਵਾਂ ਅਤੇ ਸਹਾਇਤਾ ਨੂੰ ਹੋਰ ਤਕੜਿਆਂ ਕਰਨ ਲਈ ਨਿਸ਼ਾਨਾਬਧ ਪੂੰਜੀ-ਨਿਵੇਸ਼ ਕਰਦਿਆਂ ਇਸ ਦਾ ਜਵਾਬ ਦਿੰਦਾ ਹੈ।

ਐਲਬਰਟਾ ਨਿਵਾਸੀ ਆਪਣੀਆਂ ਕਮਿਊਨਿਟੀਆਂ 'ਚ ਸਮੇਂ ਸਿਰ ਸਿਹਤ-ਸੰਭਾਲ ਬਾਰੇ ਸਿਹਤ ਸੇਵਾਵਾਂ ਤੱਕ ਪਹੁੰਚ ਦੀ ਆਸ ਕਰਦੇ ਹਨ। ਉਨ੍ਹਾਂ ਚੁਣੌਤੀਆਂ ਅਤੇ ਦਬਾਅ, ਜੋ ਸਿਹਤ-ਸੰਭਾਲ ਨੂੰ ਦਰਪੇਸ਼ ਹਨ, ਨਾਲ ਨਜਿੱਠਣ ਲਈ ਐਲਬਰਟਾ ਸਰਕਾਰ ਸਮਰੱਥਾ 'ਚ ਵਿਸਥਾਰ ਲਿਆਉਣ, ਉਡੀਕ ਦੇ ਸਮੇਂ ਘਟਾਉਣ, ਅਤੇ ਫਰੰਟ-ਲਾਈਨ ਸੰਭਾਲ ਨੂੰ ਮਜ਼ਬੂਤ ਕਰਨ ਲਈ ਸਿਹਤ-ਸੰਭਾਲ 'ਚ 34.4 ਬਿਲੀਅਨ ਡਾਲਰ ਦੀ ਕੁੱਲ ਵਚਨਬਧਤਾ ਕਰ ਰਹੀ ਹੈ। ਇਹ ਪੂੰਜੀ-ਨਿਵੇਸ਼ ਹਸਪਤਾਲਾਂ, ਸਰਜੀਕਲ ਸੇਵਾਵਾਂ, ਮੁਢਲੀ ਸੰਭਾਲ ਅਤੇ ਮਾਨਸਿਕ ਸਿਹਤ ਤੇ ਨਸ਼ੇੜੀਪੁਣੇ ਦੇ ਇਲਾਜ ਵਾਸਤੇ ਸਹਾਈ ਹੋਵੇਗਾ, ਜਦੋਂ ਕਿ ਐਲਬਰਟਾ ਨਿਵਾਸੀ 1.9 ਬਿਲੀਅਨ ਡਾਲਰ ਦੇ ਵਾਧੇ ਨਾਲ, ਜੋ 2025-2026 ਦੇ ਪੂਰਵ-ਅਨੁਮਾਨ ਨਾਲੋਂ ਮੋਟੇ ਤੌਰ 'ਤੇ ਛੇ ਪ੍ਰਤਿਸ਼ਤ ਵੱਧ ਹੈ, ਆਪਣੇ ਘਰਾਂ ਦੇ ਵਧੇਰੇ ਨਜ਼ਦੀਕ ਸਿਹਤ-ਸੰਭਾਲ ਪ੍ਰਾਪਤ ਕਰਨਗੇ। ਬੱਜਟ ਫੈਮਿਲੀ ਡਾਕਟਰਾਂ ਅਤੇ ਅਤੇ ਫਰੰਟ-ਲਾਈਨ ਸਿਹਤ-ਸੰਭਾਲ ਵਰਕਰਾਂ 'ਤੇ ਵੀ ਪੂੰਜੀ-ਨਿਵੇਸ਼ ਕਰਦਾ ਹੈ,  ਅਤੇ ਐਲਬਰਟਾ ਵਾਸੀਆਂ ਨੂੰ ਆਪਣੇ ਘਰ ਅਤੇ ਕਮਿਊਨਿਟੀਆਂ 'ਚ ਸਨਮਾਨ-ਸਹਿਤ ਵਡੇਰੇ ਹੋਣ 'ਚ ਮਦਦ ਕਰਦਾ ਹੈ।

ਐਲਬਰਟਾ ਦੇ ਕਲਾਸਰੂਮ ਜ਼ਿਆਦਾ ਵੱਡੇ ਅਤੇ ਜਟਿੱਲ ਹੋ ਗਏ ਹਨ, ਕਿਉਂਕਿ ਕੇਵਲ ਤਿੰਨ ਸਾਲਾਂ 'ਚ ਐਲਬਰਟਾ ਦੇ ਵਿਦਿਅਕ ਪ੍ਰਬੰਧ 'ਚ 80,000 ਵਿਦਿਆਰਥੀ ਸ਼ਾਮਲ ਹੋਏ ਹਨ। ਬੱਜਟ 2026 ਐਲਬਰਟਾ ਦੇ ਵਿਦਿਅਕ ਪ੍ਰਬੰਧ 'ਚ 10.8 ਬਿਲੀਅਨ ਡਾਲਰ ਦਾ ਇਕ ਰਿਕਾਰਡ ਪੂੰਜੀ-ਨਿਵੇਸ਼ ਕਰਦਾ ਹੈ - ਜੋ 2025-2026 ਦੇ ਪੂਰਵ ਅਨੁਮਾਨਾਂ ਨਾਲੋਂ 722 ਮਿਲੀਅਨ ਡਾਲਰ ਜਾਂ 7.2 ਪ੍ਰਤੀਸ਼ਤ ਦਾ ਵਾਧਾ ਹੈ। ਇਹ ਫੰਡਿੰਗ 3,000 ਨਵੇਂ ਅਧਿਆਪਕ ਅਤੇ 1,500 ਨਵੇਂ ਵਿਦਿਅਕ ਸਹਾਇਕ ਭਰਤੀ ਕਰਨ ਵੱਲ ਨੂੰ ਇਕ ਜ਼ਿਕਰਯੋਗ ਕਦਮ ਹੈ। ਐਲਬਰਟਾ ਦੇ ਇਸ ਰਿਕਾਰਡ ਪੂੰਜੀ-ਨਿਵੇਸ਼ 'ਚ ਐਨਰੋਲਮੈਂਟ ਦੇ ਵਾਧੇ ਨਾਲ ਨਜਿੱਠਣ ਲਈ ਤਿੰਨ ਸਾਲਾਂ ਦੌਰਾਨ 360 ਮਿਲੀਅਨ ਡਾਲਰ ਸ਼ਾਮਲ ਹੈ, ਨਾਲ ਹੀ ਤਿੰਨ ਸਾਲਾਂ ਦੌਰਾਨ 1.4 ਬਿਲੀਅਨ ਡਾਲਰ ਜੋ ਕਲਾਸਰੂਮ ਜਟਿੱਲਤਾਵਾਂ ਨਾਲ ਨਿਪਟਣ 'ਚ ਮਦਦ ਕਰੇਗਾ। ਬੱਜਟ 2026 ਐਲਬਰਟਾ ਭਰ ਦੀਆਂ ਕਮਿਊਨਿਟੀਆਂ 'ਚ ਸਕੂਲ ਨਵਿਆਉਣ ਅਤੇ ਨਵੇਂ ਉਸਾਰਨ ਦੀ ਸਰਕਾਰ ਦੀ ਯੋਜਨਾਂ ਦੇ ਇਕ ਭਾਗ ਵਜੋਂ 40 ਨਵੇਂ ਪਬਲਿਕ ਸਕੂਲ ਅਤੇ ਪ੍ਰਾਜੈਕਟਾਂ ਨੂੰ ਵੀ ਸ਼ੁਰੂ ਕਰ ਰਿਹਾ ਹੈ। ਇੰਨ੍ਹਾਂ ਨਵੀਆਂ ਮਨਜ਼ੂਰੀਆਂ ਨਾਲ ਸੂਬੇ ਭਰ 'ਚ ਹੁਣ 161 ਨਾਲੋਂ ਵੱਧ ਕਾਰਜਸ਼ੀਲ ਪਬਲਿਕ ਸਕੂਲ ਪ੍ਰਾਜੈਕਟ ਚੱਲ ਰਹੇ ਹਨ।

Classification: Protected A

"ਬੱਜਟ 2026 ਉਨ੍ਹਾਂ ਚੀਜ਼ਾਂ 'ਤੇ ਕੇਂਦਰਿਤ ਹੈ ਜੋ ਐਲਬਰਟਾ ਦੇ ਪਰਿਵਾਰਾਂ ਲਈ ਸਭ ਤੋਂ ਵੱਧ ਮਹੱਤਵ ਰੱਖਦੀਆਂ ਹਨ: ਵਧੇਰੇ ਸਰਜਰੀਆਂ, ਘੱਟ ਐਮਰਜੈਂਸੀ ਉਡੀਕ ਸਮੇਂ, ਸਕੂਲਾਂ, ਅਧਿਆਪਕਾਂ ਅਤੇ ਸਾਮਾਜਿਕ ਸਹਾਇਤਾ ਦੀ ਜਿੰਨ੍ਹਾ ਨੂੰ ਸਭ ਤੋਂ ਵੱਧ ਲੋੜ ਹੈ, ਉਸ ਤੱਕ ਚੰਗੇਰੀ ਪਹੁੰਚ, ਸਿਹਤ, ਵਿਦਿਆ ਅਤੇ ਕਮਿਊਨਿਟੀ ਸੇਵਾਵਾਂ 'ਚ ਪੂੰਜੀ-ਨਿਵੇਸ਼ ਕਰਨ ਦੁਆਰਾ, ਸਰਕਾਰ ਯਕੀਨੀ ਬਣਾਉਂਦੀ ਹੈ ਕਿ ਐਲਬਰਟਾ ਨਿਵਾਸੀ ਸਿਹਤ-ਸੰਭਾਲ, ਸਿੱਖਿਆ ਅਤੇ ਸਹਾਇਤਾ ਉੱਪਰ ਭਰੋਸਾ ਕਰ ਸਕਣ, ਜਦੋਂ ਇਹ ਮਹੱਤਵਪੂਰਨ ਬਣਦੇ ਹਨ।"

*Nate Horner, ਪ੍ਰੈਜ਼ੀਡੈਂਟ ਆਫ ਟ੍ਰਾਇਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ*

**ਬੱਜਟ 2026 ਦੇ ਮੁੱਖ ਅੰਸ਼:**

**ਹਸਪਤਾਲਾਂ, ਸਰਜਰੀਆਂ, ਇਲਾਜ ਅਤੇ ਐਮਰਜੈਂਸੀ ਸਿਹਤ-ਸੰਭਾਲ ਤੱਕ ਪਹੁੰਚ ਸੁਧਾਰਨਾ**

ਬੱਜਟ 2026 ਵਧ ਰਹੀ ਵਸੋਂ ਦੀ ਮੰਗ ਨੂੰ ਪੂਰਿਆਂ ਕਰਨ ਵਾਸਤੇ ਐਲਬਰਟਾ ਦੇ ਹਸਪਤਾਲਾਂ ਅਤੇ ਸਰਜੀਕਲ ਸਮਰੱਥਾ 'ਚ ਪੂੰਜੀ-ਨਿਵੇਸ਼ ਕਰਦਾ ਹੈ, ਅੱਗੇ ਦਿੱਤੇ ਸਹਿਤ:

- ਐਲਬਰਟਾ ਦੇ ਹਸਪਤਾਲਾਂ ਅਤੇ ਸਰਜੀਕਲ ਸਿਸਟਮਾਂ, ਸਹਾਇਤਾ ਸਟਾਫ, ਸਰਜੀਕਲ ਕਾਰਵਾਈਆਂ, ਐਮਰਜੈਂਸੀ ਸੇਵਾਵਾਂ ਅਤੇ ਡਾਇਗਨਾਟਿਕ ਨੂੰ ਚਲਾਉਣ ਲਈ 2026-27 'ਚ 12.3 ਬਿਲੀਅਨ ਡਾਲਰ। ਇਸ 'ਚ ਸ਼ਾਮਲ ਹੈ:
  - 6 ਬਿਲੀਅਨ ਡਾਲਰ ਐਕਿਊਟ ਕੇਅਰ 'ਚ, ਸਮੇਤ 525 ਮਿਲੀਅਨ ਡਾਲਰ ਐਲਬਰਟਾ ਸਰਜੀਕਲ ਇੰਨੀਸ਼ੀਏਟਿਵ 'ਚ, ਜਿਸ ਨਾਲ ਆਉਂਦੇ ਤਿੰਨ ਸਾਲਾਂ ਦੌਰਾਨ 50,000 ਵਧੀਕ ਸਰਜਰੀਆਂ ਪੂਰੀਆਂ ਹੋ ਸਕਣਗੀਆਂ।
  - ਤਿੰਨ ਸਾਲਾਂ ਦੌਰਾਨ ਕੈਂਸਰ ਦੇ ਇਲਾਜਾਂ 'ਚ 1.2 ਬਿਲੀਅਨ ਡਾਲਰ, ਜਿਸ 'ਚ ਤਿੰਨ ਸਾਲਾਂ ਦੌਰਾਨ 223 ਮਿਲੀਅਨ ਡਾਲਰ ਕੈਂਸਰ ਕੇਅਰ ਐਲਬਰਟਾ 'ਚ ਹੋਰ ਆਨਕਾਲੋਜਿਸਟ ਭਰਤੀ ਕਰਨਾਂ, ਸਰਜੀਕਲ ਸਮਰੱਥਾ 'ਚ ਵਿਸਤਾਰ ਲਿਆਉਣਾ, ਕਰਾਸ ਕੈਂਸਰ ਇੰਸਟੀਚਿਊਟ 'ਚ ਅਸਾਮੀਆਂ ਵਧਾਉਣਾ ਅਤੇ ਕੈਂਸਰ ਕੇਅਰ ਸਹਾਇਤਾ ਸੇਵਾਵਾਂ ਤੱਕ ਪਹੁੰਚ ਵਧਾਉਣਾ ਸ਼ਾਮਲ ਹੈ।
    - ਤਿੰਨ ਸਾਲਾਂ ਦੌਰਾਨ ਕੈਂਸਰ ਦੇ ਇਲਾਜ ਲਈ 21 ਮਿਲੀਅਨ ਡਾਲਰ ਦੀਆਂ ਗਰਾਂਟਾਂ, ਜੋ ਬਾਹਰੀ ਪ੍ਰੋਵਾਈਡਰਾਂ ਦੁਆਰਾ ਪੇਸ਼ ਕੀਤੇ ਜਾਂਦੇ ਕਮਿਊਨਿਟੀ ਕੈਂਸਰ ਪ੍ਰੋਗਰਾਮਾਂ ਨੂੰ ਸਥਿਰ ਅਤੇ ਵੱਡੇ ਪੈਮਾਨੇ ਦੇ ਕਰਨਗੀਆਂ, ਤਾਂ ਜੋ ਮਰੀਜ਼ ਅਤੇ ਪਰਿਵਾਰ ਲਗਾਤਾਰ ਅਤੇ ਵਿਸਤ੍ਰਿਤ ਪ੍ਰਕਾਰ ਦੀ ਸਾਂਭ-ਸੰਭਾਲ ਪ੍ਰਾਪਤ ਕਰ ਸਕਣ।
  - ਡਾਕਟਰਾਂ ਦੇ ਮੁਆਵਜ਼ੇ ਅਤੇ ਵਿਕਾਸ ਲਈ ਚਾਲੂ ਖਰਚਿਆਂ 'ਚ 1 ਬਿਲੀਅਨ ਡਾਲਰ।
  - ਐਮਰਜੈਂਸੀ ਸਿਹਤ ਸੇਵਾਵਾਂ 'ਚ 2026-27 'ਚ 804 ਮਿਲੀਅਨ ਡਾਲਰ।

**ਸਿਹਤ ਪ੍ਰਾਜੈਕਟਾਂ ਲਈ ਸਿਹਤ-ਸੰਭਾਲ ਪ੍ਰਬੰਧ 'ਚ ਵੱਡੀਆਂ ਡਾਲਰ ਰਕਮਾਂ ਨਾਲ ਸਮਰੱਥਾ ਉਸਾਰੀ**

2026 ਕੈਪੀਟਲ ਪਲੈਨ ਚੱਲ ਰਹੇ ਵੱਡੇ ਸਿਹਤ ਪ੍ਰਾਜੈਕਟਾਂ ਅਤੇ ਸ਼ੁਰੂਆਤੀ ਉੱਦਮਾਂ ਨੂੰ ਸਹਿਯੋਗ ਕਰਨਾਂ ਜਾਰੀ ਰੱਖਦੀ ਹੈ, ਸਮੇਤ:

- ਰੈੱਡ ਡੀਅਰ ਰਿਜਨਲ ਹੌਸਪੀਟਲ ਸੈਂਟਰ ਰੀਡਿਵੈਲਪਮੈਂਟ ਵਾਸਤੇ 1 ਬਿਲੀਅਨ ਡਾਲਰ।

- ਅਗਲੇ ਤਿੰਨ ਸਾਲਾਂ 'ਚ 149 ਮਿਲੀਅਨ ਡਾਲਰ ਦੀ ਨਵੀਂ ਫੰਡਿੰਗ ਸਮੇਤ ਐਲਬਰਟਾ ਦੇ ਡਾਇਗਨਾਸਟਿਕ ਇਮੇਜਿੰਗ ਅਤੇ ਕੈਂਸਰ ਕੇਅਰ ਸਮਰੱਥਾ ਦੇ ਆਧੁਨਿਕੀਕਰਨ ਅਤੇ ਵਿਸਤਾਰ ਵਾਸਤੇ ਡਾਇਗਨਾਸਟਿਕ ਇਮੇਜਿੰਗ ਐਂਨਹਾਂਸਮੈਂਟ ਪ੍ਰੋਗਰਾਮ ਲਈ 280 ਮਿਲੀਅਨ ਡਾਲਰ। ਇਹ ਕੰਮ ਐਂਡ-ਆਫ-ਲਾਈਫ ਸਾਜ਼-ਸਮਾਨ ਨੂੰ ਵਿਸਥਾਪਤ ਕਰੇਗਾ, ਐਡਵਾਂਸ ਤਕਨਾਲੋਜੀਆਂ ਲਿਆਵੇਗਾ ਅਤੇ ਵਧ ਰਹੀ ਮੰਗ ਨੂੰ ਪੂਰਿਆਂ ਕਰਨ ਲਈ ਸਿਸਟਮ ਸਮਰੱਥਾ 'ਚ ਵਾਧਾ  ਕਰੇਗਾ।

“ਬੱਜਟ 2026ਐਲਬਰਟਾ ਦੇ ਸਿਹਤ-ਸੰਭਾਲ ਪ੍ਰਬੰਧ 'ਚ ਤਕੜੇ ਪੂੰਜੀ-ਨਿਵੇਸ਼ ਕਰਦਾ ਹੈ, ਜਿੰਨ੍ਹਾਂ ਨਾਲ ਵਧ ਰਹੀ ਮੰਗ ਨੂੰ ਪੂਰਿਆਂ ਕਰਨ ਅਤੇ ਸਾਰੇ ਐਲਬਰਟਾ ਨਿਵਾਸੀਆਂ ਨੂੰ ਸਮੇਂ ਸਿਰ ਅਤੇ ਉੱਚ-ਕੁਆਲਿਟੀ ਦੀ ਸਿਹਤ-ਸੰਭਾਲ ਪ੍ਰਦਾਨ ਕਰਨ ਦੀ ਸਾਡੀ ਯੋਗਤਾ 'ਚ ਸੁਧਾਰ ਹੁੰਦਾ ਹੈ।”

*Matt Jones, ਮਿਨਿਸਟਰ ਆਫ ਹੌਸਪੀਟਲ ਐਂਡ ਸਰਜੀਕਲ ਹੈਲਥ ਸਰਵਿਸਿਜ਼*

**ਮੁੱਢਲੀ ਸਿਹਤ-ਸੰਭਾਲ ਨੂੰ ਤਕੜਿਆਂ ਕਰਨਾਂ**

ਇਹ ਬੱਜਟ ਹੇਠ ਲਿਖਿਆਂ ਨਾਲ ਮੁੱਢਲੀ ਸਿਹਤ-ਸੰਭਾਲ ਤੱਕ ਪਹੁੰਚ ਵਿਚ ਵਿਸਤਾਰ ਲਿਆਉਂਦਾ ਹੈ:

- ਡਾਕਟਰਾਂ ਦੇ ਮੁਆਵਜ਼ੇ ਦੇ ਚਾਲੂ ਖਰਚਿਆਂ 'ਚ 6.9 ਬਿਲੀਅਨ ਡਾਲਰ ਜਾਂ 2025-26 ਦੇ ਪੂਰਵ-ਅਨੁਮਾਨ ਨਾਲੋਂ 6.5 ਪ੍ਰਤੀਸ਼ਤ ਦਾ ਵਾਧਾ।
- ਨਰਸ ਪ੍ਰੈਕਟੀਸ਼ਨਰ ਪ੍ਰੋਗਰਾਮ ਨੂੰ ਸਹਾਇਤਾ ਲਈ ਤਿੰਨ ਸਾਲਾਂ ਦੌਰਾਨ 87 ਮਿਲੀਅਨ ਡਾਲਰ।
- ਸੀਨੀਅਰਾਂ ਦੇ ਡਰੱਗ ਪ੍ਰੋਗਰਾਮ ਸਮੇਤ ਜਿਹੜਾ 700,000 ਤੋਂ ਵਧੇਰੇ ਸੀਨੀਅਰਾਂ ਨੂੰ ਸਹਾਇਤਾ ਦੇਣ ਦਾ ਇਕ ਵੱਡਾ ਭਾਗ ਹੈ, ਦਵਾਈਆਂ, ਸਪਲੀਮੈਂਟਲ ਸਿਹਤ ਅਤੇ ਬੈਨੇਫਿਟਾਂ ਲਈ 2.2 ਬਿਲੀਅਨ ਡਾਲਰ।

“ਮੁੱਢਲੀ ਸਿਹਤ-ਸੰਭਾਲ ਸਾਡੇ ਸਿਹਤ ਪ੍ਰਬੰਧ ਦਾ ਆਧਾਰ ਹੈ। ਬੱਜਟ 2026 ਮੁੱਢਲ਼ੀ ਸਿਹਤ-ਸੰਭਾਲ 'ਚ ਵਿਸਤਾਰ ਲਿਆਉਣ ਅਤੇ ਉਸਨੂੰ ਮਜ਼ਬੂਤ ਕਰਨ ਲਈ ਮਹੱਤਵਪੂਰਨ ਪੂੰਜੀ-ਨਿਵੇਸ਼ ਕਰਦਾ ਹੈ, ਤਾਂ ਕਿ ਸਾਰੇ ਐਲਬਰਟਾ ਨਿਵਾਸੀ ਉਹ ਸਿਹਤ-ਸੰਭਾਲ ਪ੍ਰਾਪਤ ਕਰ ਸਕਣ, ਜਿਸਦੀ ਉਨ੍ਹਾਂ ਨੂੰ ਲੋੜ ਹੈ, ਜਦੋਂ ਲੋੜ ਹੈ ਅਤੇ ਜਿੱਥੇ ਵੀ ਲੋੜ ਹੈ।”

*Adriana LaGrange, ਮਿਨਿਸਟਰ ਆਫ ਪ੍ਰਾਈਮਰੀ ਐਂਡ ਪ੍ਰੀਵੈਂਟੇਟਿਵ ਹੈਲਥ ਸਰਵਿਸਿਜ਼*

**ਐਲਬਰਟਾ ਨਿਵਾਸੀਆਂ ਦੀ ਤੰਦਰੁਸਤੀ ਵਾਸਤੇ ਸਹਾਇਤਾ ਕਰਨਾ**

ਬੱਜਟ 2026 ਸਹਾਇਤਾ-ਯੁਕਤ ਰਹਿਣ-ਸਹਿਣ ਅਤੇ ਡਿਸਏਬਿਲਿਟੀ ਸਹਾਇਤਾ 'ਚ ਹੇਠ ਲਿਖਿਆਂ ਸਹਿਤ ਪੂੰਜੀ-ਨਿਵੇਸ਼ ਕਰਦਾ ਹੈ:

- ਅਸਿਸਟਡ ਲਿਵਿੰਗ ਐਲਬਰਟਾ ਐਂਡ ਕਾਂਟੀਨਿਊਇੰਗ ਕੇਅਰ ਵਾਸਤੇ 5.9 ਬਿਲੀਅਨ ਡਾਲਰ - ਪਿਛਲੇ ਸਾਲ ਨਾਲੋਂ 495 ਮਿਲੀਅਨ ਡਾਲਰ ਵੱਧ - ਜੋ ਵਿਆਪਕ/ਸਭ ਕੁਝ ਸਮੇਤ ਮੈਡੀਕਲ ਅਤੇ ਨਾਨ-ਮੈਡੀਕਲ ਸਹਾਇਤਾ, ਘਰ 'ਚ ਸਾਂਭ-ਸੰਭਾਲ, ਕਮਿਊਨਿਟੀ ਕੇਅਰ ਅਤੇ ਸਾਮਾਜਿਕ ਸੇਵਾਵਾਂ ਮੁਹੱਈਆ ਕਰਨ ਵਾਸਤੇ ਹੈ।

  ਇਸ ਵਿਚ ਸ਼ਾਮਲ ਹੈ:
  - 145 ਮਿਲੀਅਨ ਡਾਲਰਾਂ ਤੋਂ ਵਧੇਰੇ ਉਨ੍ਹਾਂ ਮਰੀਜ਼ਾਂ ਦੀ ਮਦਦ ਲਈ, ਜਿੰਨ੍ਹਾਂ ਨੂੰ ਹੁਣ ਉਨ੍ਹਾਂ ਦੀ ਕਮਿਊਨਿਟੀ 'ਚ ਕਿਸੇ ਵਾਜਬ ਕੇਅਰ 'ਚ ਐਕਿਊਟ ਕੇਅਰ ਵਾਸਤੇ ਤਬਦੀਲ ਕਰਨ ਦੀ ਲੋੜ ਨਹੀਂ।
- 2026-27 'ਚ ਡਿਸਏਬਿਲਿਟੀ ਸਹਾਇਤਾ ਨੂੰ ਸਮਰਪਤ 3.4 ਬਿਲੀਅਨ ਡਾਲਰ, ਜੋ ਯਕੀਨੀ ਬਣਾਵੇਗਾ ਕਿ ਐਲਬਰਟਾ ਨਿਵਾਸੀ ਕੈਨੇਡਾ ਦੇ ਉੱਤਮ ਡਿਸਏਬਿਲਿਟੀ ਪ੍ਰੋਗਰਾਮ ਪ੍ਰਾਪਤ ਕਰਨਾਂ ਜਾਰੀ ਰੱਖ ਸਕਣ ਅਤੇ ਡਿਸਏਬਿਲਿਟੀਆਂ ਵਾਲੇ ਐਲਬਰਟਾ ਨਿਵਾਸੀ ਬੈਨੇਫਿਟ ਪ੍ਰਾਪਤ ਕਰਨੇ ਅਤੇ ਜ਼ਰੂਰੀ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰਨੀ ਜਾਰੀ ਰੱਖਣ।

"ਬੱਜਟ 2026 ਇਹ ਯਕੀਨੀ ਬਣਾਉਣ ਲਈ ਦ੍ਰਿੜ ਪ੍ਰਤਿਬਧਤਾ ਦਰਸਾਉਂਦਾ ਹੈ ਕਿ ਐਲਬਰਟਾ ਵਾਸੀਆਂ ਪਾਸ ਉੱਚ ਦਰਜੇ ਦੇ ਸਹਾਇਤਾ-ਯੁਕਤ ਰਹਿਣ-ਸਹਿਣ, ਡਿਸਏਬਿਲਿਟੀ ਸਹਾਇਤਾ ਅਤੇ ਜ਼ਰੂਰੀ ਸੇਵਾਵਾਂ ਤੱਕ ਪਹੁੰਚ ਹੋਵੇ। ਪੂੰਜੀ-ਨਿਵੇਸ਼ 'ਚ ਵਾਧਾ ਅਤੇ ਜ਼ਰੂਰੀ ਪ੍ਰੋਰਗਾਮਾਂ 'ਚ ਵਿਸਤਾਰ ਕਰਨ ਦੁਆਰਾ, ਅਸੀਂ ਇਕ ਅਜਿਹੇ ਸੂਬੇ ਦੀ ਉਸਾਰੀ ਕਰ ਰਹੇ ਹਾਂ ਜਿੱਥੇ ਹਰੇਕ ਵਿਅਕਤੀ ਆਪਣੀਆਂ ਸੰਪੂਰਨ ਸੰਭਾਵਨਾਵਾਂ ਤੱਕ ਪੁੱਜਣ ਲਈ ਸਹਾਇਤਾ-ਪ੍ਰਾਪਤ ਅਤੇ ਸਸ਼ਕਤ ਹੈ।"

*Jason Nixon, ਮਿਨਿਸਟਰ ਆਫ ਅਸਿਸਟਡ ਲਿਵਿੰਗ ਐਂਡ ਸੋਸ਼ਲ ਸਰਵਿਸਿਜ਼*

**ਮਾਨਸਿਕ ਸਿਹਤ ਅਤੇ ਨਸ਼ੇੜੀਪੁਣੇ 'ਚ ਸਹਾਇਤਾ ਉਸਾਰੀ ਕਰਨਾਂ**

ਬੱਜਟ 2026 ਹੇਠ ਲਿਖਿਆਂ ਸਹਿਤ ਰਿਕਵਰੀ 'ਚ ਮਦਦ ਕਰਦਾ ਹੈ:

- ਨਸ਼ੇੜੀਪੁਣੇ ਅਤੇ ਮਾਨਸਿਕ ਸਿਹਤ ਸੇਵਾਵਾਂ ਦੀ ਸਹਾਇਤਾ ਲਈ 2.0 ਬਿਲੀਅਨ ਡਾਲਰ, ਤਾਂ ਜੋ ਐਲਬਰਟਾ ਨਿਵਾਸੀ ਉਸ ਸਹਾਇਤਾ ਤੱਕ ਪਹੁੰਚ ਪ੍ਰਾਪਤ ਕਰ ਸਕਣ ਜਿਹੜੀ ਉਨ੍ਹਾ ਨੂੰ ਆਪਣੀ ਰਿਕਵਰੀ ਲਈ ਲੋੜੀਂਦੀ ਹੈ। ਇਸ 'ਚ ਸ਼ਾਮਲ ਹੈ:
  - ਰਿਕਵਰੀ ਐਲਬਰਟਾ ਨੂੰ ਮਾਨਸਿਕ ਸਿਹਤ ਅਤੇ ਨਸ਼ੇੜੀਪੁਣੇ ਸਬੰਧੀ ਸੇਵਾਵਾਂ ਦੇ ਮੁੱਢਲੇ ਪ੍ਰਦਾਨਕਰਤਾ ਵਜੋਂ 1.7 ਬਿਲੀਅਨ ਡਾਲਰ।
  - ਮੈਂਟਲ ਹੈਲਥ ਕਲਾਸਰੂਮਾਂ 'ਚ ਵਿਸਤਾਰ ਜਾਰੀ ਰੱਖਣ ਅਤੇ ਜਟਿੱਲ ਮਾਨਸਿਕ ਸਿਹਤ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਕਲਿਨੀਕਲ ਸਹਾਇਤਾ ਪ੍ਰਦਾਨ ਕਰਨੀ ਜਾਰੀ ਰੱਖਣ ਲਈ 30 ਮਿਲੀਅਨ ਡਾਲਰ।
  - ਇਸ ਸਾਲ 'ਚ ਪੰਜ ਇੰਡਿਜਨਸ ਰਿਕਵਰੀ ਕਮਿਊਨਿਟੀਆਂ ਚੱਲਦੀਆਂ ਕਰਨ ਅਤੇ ਖੋਲ੍ਹਣ ਲਈ 29.6 ਮਿਲੀਅਨ ਡਾਲਰ, ਜੋ ਉਨ੍ਹਾਂ ਇੰਡਿਜਨਸ ਲੋਕਾਂ ਅਤੇ ਕਮਿਊਨਿਟੀਆਂ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਨਸ਼ੇੜੀਪੁਣੇ ਦੇ ਲਿਵ-ਇਨ ਟਰੀਟਮੈਂਟ ਲਿਆਉਣਗੀਆਂ, ਜੋ ਨਸ਼ੇੜੀਪੁਣੇ ਦੇ ਸੰਕਟ ਦੁਆਰਾ ਗੈਰ-ਅਨੁਪਾਤੀ ਢੰਗ ਨਾਲ ਪ੍ਰਭਾਵਤ ਹਨ।

- ਮਾਨਸਿਕ ਸਿਹਤ ਅਤੇ ਨਸ਼ੇੜੀਪੁਣੇ ਦੇ ਪ੍ਰਬੰਧ 'ਚ 30 ਸਾਈਕੈਟਰਿਕ ਬੈੱਡਾਂ ਅਤੇ 60 ਗੰਭੀਰ ਰੂਪ 'ਚ ਲੋੜੀਂਦੇ ਕਮਿਊਨਿਟੀ ਆਧਾਰਤ ਬੈੱਡਾਂ ਵਾਸਤੇ 26 ਮਿਲੀਅਨ ਡਾਲਰ, ਜੋ ਉਨ੍ਹਾਂ ਲਈ ਹੋਣਗੇ ਜਿੰਨ੍ਹਾਂ ਨੂੰ ਹੁਣ ਹਸਪਤਾਲਾਂ 'ਚ ਇੰਨ-ਪੇਸ਼ੈਂਟ ਕੇਆਰ ਦੀ ਲੋੜ ਨਹੀਂ, ਜਿਸ ਨਾਲ ਐਕਿਊਟ ਕੇਅਰ ਸਿਸਟਮ ਉਪਰਲੇ ਦਬਾਵਾਂ ਨੂੰ ਘਟਾਉਣ 'ਚ ਸਹਾਇਤਾ ਮਿਲੇਗੀ।
- ਤਿੰਨ ਸਾਲਾਂ ਦੌਰਾਨ ਇੰਫ੍ਰਸਟ੍ਰੱਕਚਰ ਉਸਾਰੀ ਲਈ 319 ਮਿਲੀਅਨ ਡਾਲਰ, ਜੋ ਉਨ੍ਹਾਂ ਲੋਕਾਂ ਦੀ ਮਦਦ ਲਈ ਦਇਆਭਾਵੀ ਇਲਾਜ ਲਾਗੂ ਕਰਨ ਲਈ ਲੋੜੀਦਾ ਹੈ ਜਿਹੜੇ ਨਸ਼ੇੜੀਪੁਣੇ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਬਹੁਤ ਹੀ ਗੰਭੀਰ ਰੂਪਾਂ ਦਾ ਅਨੁਭਵ ਕਰ ਰਹੇ ਹਨ।
- ਤਿੰਨ ਸਾਲਾਂ ਦੌਰਾਨ ਕੈਪੀਟਲ ਫੰਡਿੰਗ 'ਚ 82 ਮਿਲੀਅਨ ਡਾਲਰ, ਜੋ ਰਿਕਵਰੀ, ਕਮਿਊਨਿਟੀਆਂ ਦੀ ਉਸਾਰੀ ਅਤੇ ਸਥਾਪਤੀ ਨੂੰ ਪੂਰਿਆਂ ਕਰਨ ਵਾਸਤੇ ਰੱਖੇ ਗਏ ਹਨ।

"ਕੈਪੀਟਲ ਪ੍ਰਾਜੈਕਟਾਂ ਤੋਂ ਲੈ ਕੇ ਫਰੰਟ-ਲਾਈਨ ਸੇਵਾਵਾਂ ਅਤੇ ਸਹਾਇਤਾ ਤੱਕ, ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬਧ ਹਾਂ ਕਿ ਐਲਬਰਟਾ ਨਿਵਾਸੀਆਂ ਦੀ ਤੰਦਰੁਸਤੀ ਮੂਹਰੇ ਅਤੇ ਕੇਂਦਰ 'ਚ ਰਹੇ। ਬੱਜਟ 2026 ਐਲਬਰਟਾ ਰਿਕਵਰੀ ਮਾਡਲ ਉਸਾਰਨਾਂ ਜਾਰੀ ਰੱਖਦਾ ਹੈ, ਜੋ ਇਹ ਯਕੀਨੀ ਬਣਾਉਂਦਾ ਹੈ ਕਿ ਉਨ੍ਹਾਂ ਲੋਕਾਂ ਨੂੰ ਲੋੜੀਂਦੀ ਸਹਾਇਤਾ, ਜਦੋਂ ਉਨ੍ਹਾਂ ਨੂੰ ਜ਼ਰੂਰਤ ਪਵੇ, ਪ੍ਰਾਪਤ ਹੋਵੇ, ਜਿਹੜੇ ਲੋਕ ਨਸ਼ੇੜੀਪੁਣੇ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ।"

*Rick Wilson, ਮਿਨਿਸਟਰ ਆਫ ਮੈਂਟਲ ਹੈਲਥ ਐਂਡ ਐਡਿਕਸ਼ਨ*

**ਕਿੰਡਰਗਾਰਟਨ ਤੋਂ ਗਰੇਡ 12 (K-12) ਤੱਕ ਦੀ ਸਿੱਖਿਆ 'ਚ ਪੂੰਜੀ-ਨਿਵੇਸ਼**

ਬੱਜਟ 2026 ਹੇਠ ਲਿਖਿਆਂ ਸਹਿਤ ਐਲਬਰਟਾ ਦੇ ਬੱਚਿਆਂ ਲਈ ਪੂੰਜੀ-ਨਿਵੇਸ਼ ਕਰਦਾ ਹੈ:

- ਸਕੂਲ ਬੋਰਡ ਨੂੰ ਵਧੇਰੇ ਅਧਿਆਪਕ ਅਤੇ ਸਿੱਖਿਆ ਸਹਾਇਕ ਭਰਤੀ ਕਰਨ ਲਈ ਸਿੱਖਿਆ ਦੀ ਚਾਲੂ ਫੰਡਿੰਗ 'ਚ 10.8 ਬਿਲੀਅਨ ਡਾਲਰ, ਜਿਸ ਨਾਲ ਕਲਾਸਾਂ ਦੇ ਵਧ ਰਹੇ ਸਾਈਜ਼ਾਂ ਅਤੇ ਪੇਚੀਦਗੀਆਂ ਨਾਲ ਨਿਪਟਿਆ ਜਾ ਸਕੇ, ਜਦੋਂ ਕਿ ਸਾਰੇ ਕੁਝ 'ਚ ਜ਼ਿੰਮੇਵਾਰਾਨਾ ਖਰਚੀ ਨੂੰ ਬਣਾਈ ਰੱਖਿਆ ਜਾਵੇਗਾ।
- ਵਿਸ਼ੇਸ਼ੀਕ੍ਰਿਤ ਸਿੱਖਿਆ ਲੋੜਾਂ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਲਈ 2026-27 ਲਈ 1.8 ਬਿਲੀਅਨ ਡਾਲਰ ਤੋਂ ਵਧੇਰੇ ਰਕਮ।
- ਐਨਰੋਲਮੈਂਟ ਵਾਧੇ ਨਾਲ ਨਿਪਟਣ ਲਈ ਤਿੰਨ ਸਾਲਾਂ ਦੌਰਾਨ 560 ਮਿਲੀਅਨ ਡਾਲਰ ।
- ਕਲਾਸ ਸਾਈਜ਼ ਅਤੇ ਜਟਿਲਤਾਵਾਂ ਲਈ 2026-27 'ਚ 355 ਮਿਲੀਅਨ ਡਾਲਰ ਅਤੇ ਤਿੰਨ ਸਾਲਾਂ ਦੌਰਾਨ ਕੁੱਲ 1.4 ਬਿਲੀਅਨ ਡਾਲਰ।

- K-12 ਸਿੱਖਿਆ ਇੰਫ੍ਰਾਸਟ੍ਰੱਕਚਰ ਲਈ ਤਿੰਨ ਸਾਲਾਂ ਦੌਰਾਨ 3.3 ਬਿਲੀਅਨ ਡਾਲਰ, ਜੋ 161 ਚੱਲ ਰਹੇ ਸਕੂਲ ਪ੍ਰਾਜੈਕਟਾਂ ਦੀ ਯੋਜਨਾਂਬੰਦੀ, ਡਿਜ਼ਾਈਨ ਅਤੇ ਉਸਾਰੀ 'ਚ ਸਹਾਇਤਾ ਦੇਣਗੇ, ਜਿਸ 'ਚ ਸ਼ਾਮਲ ਹਨ ਫੌਰੀ ਐਨਰੋਲਮੈਂਟ ਜ਼ਰੂਰਤਾਂ ਨਾਲ ਨਜਿੱਠਣ ਲਈ ਮੌਡੂਲਰ ਕਲਾਸਰੂਮ ਵਧਾਉਣ ਵਾਸਤੇ 600 ਮਿਲੀਅਨ ਡਾਲਰ।
- ਨਵੇਂ ਇੰਡੀਪੈਂਡੈਂਟ ਸਕੂਲ ਕੈਪੀਟਲ ਪ੍ਰੋਗਰਾਮ ਰਾਹੀਂ ਤਿੰਨ ਸਾਲਾਂ ਦੌਰਾਨ 90 ਮਿਲੀਅਨ ਡਾਲਰ।
  - ਇਹ ਪ੍ਰੋਗਰਾਮ 6,000 ਨਵੀਆਂ ਵਿਦਿਆਰਥੀ ਆਸਾਮੀਆਂ ਪੈਦਾ ਕਰੇਗਾ, ਜਿਸ ਨਾਲ ਬਹਤੁ ਗੰਭੀਰ ਅਤੇ ਜਟਿੱਲ ਸਿੱਖਿਆ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਸੱਭਿਆਚਾਰਕ ਤੌਰ 'ਤੇ ਢੁਕਵੀਂ ਸਿੱਖਿਆ ਅਤੇ ਪਰਿਵਾਰ, ਜੋ ਇੰਡਿਪੈਂਡੈਂਟ ਸਕੂਲ ਸੈਟਿੰਗ ਚੁਣਦੇ ਹਨ, ਨੂੰ ਸਹਾਇਤਾ ਮਿਲੇਗੀ।

"ਇਹ ਪੂੰਜੀ-ਨਿਵੇਸ਼ ਉਨ੍ਹਾਂ ਚੀਜ਼ਾਂ ਉੱਪਰ ਕੇਂਦਰਿਤ ਕਰਨ ਬਾਰੇ ਹੈ, ਜੋ ਪਰਿਵਾਰਾਂ ਲਈ ਸਭ ਤੋਂ ਵੱਧ ਮਹੱਤਵ ਰੱਖਦੀਆਂ ਹਨ। ਇਹ ਸਕੂਲਾਂ ਨੂੰ ਵਧ ਰਹੀ ਐਨਰੋਲਮੈਂਟ ਦੇ ਨਾਲ ਨਾਲ ਚੱਲਣ, ਕਲਾਸ ਸਾਈਜ਼ਾਂ 'ਤੇ ਦਬਾਉ ਘਟਾਉਣ ਅਤੇ ਇਹ ਯਕੀਨੀ ਬਣਾਉਣ ਕਿ ਕਲਾਸਰੂਮਾਂ 'ਚ ਵਿਦਿਆਰਥੀਆਂ ਦੀ ਕਾਮਯਾਬੀ ਲਈ ਲੋੜੀਂਦੀ ਸਹਾਇਤਾ ਮੌਜੂਦ ਹੈ, ਵਿਚ ਸਹਾਇਤਾ ਕਰਦਾ ਹੈ।"
*Demetrios Nicolaides, ਮਿਨਿਸਟਰ ਆਫ ਐਜੂਕੇਸ਼ਨ ਐਂਡ ਚਾਈਲਡਕੇਅਰ*

*ਬੱਜਟ 2026 ਵਿਦਿਆਰਥੀਆਂ ਅਤੇ ਕਲਾਸਰੂਮਾਂ, ਸਿਹਤ-ਸੰਭਾਲ ਅਤੇ ਆਰਥਿਕਤਾ 'ਚ ਨਿਸ਼ਾਨਾਂਬੱਧ ਪੂੰਜੀ-ਨਿਵੇਸ਼ ਸਹਿਤ ਉਨ੍ਹਾਂ ਚੀਜ਼ਾਂ 'ਤੇ ਕੇਂਦਰਿਤ ਹੈ ਜੋ ਮਹੱਤਵਪੂਰਨ ਹਨ, ਜਦ ਕਿ ਇਹ ਮਜ਼ਬੂਤ ਵਿੱਤੀ ਲੀਡਰਸ਼ਿੱਪ ਅਤੇ ਲਾਗਤਾਂ ਦੇ ਕੰਟਰੋਲ ਨੂੰ ਦਰਸਾਉਂਦਾ ਹੈ।*

**ਸਬੰਧਤ ਜਾਣਕਾਰੀ**

- ਬੱਜਟ 2026

**ਮਲਟੀਮੀਡੀਆ**

- ਨਿਊਜ਼ ਕਾਨਫਰੰਸ ਵੇਖੋ, ਜੋ ਪਾਬੰਦੀ ਦੇ ਮੁਕਣ 'ਤੇ ਉਪਲਬਧ ਹੋਵੇਗੀ।

**ਮੀਡੀਆ ਇੰਨਕੁਆਰੀਆਂ**

Marisa Breeze
Marisa.Breeze@gov.ab.ca
780-235-4427
ਸੀਨੀਅਰ ਪ੍ਰੈੱਸ ਸੈਕਰੇਟਰੀ, ਟ੍ਰਾਇਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ

Garrett Koehler
Garrett.Koehler@gov.ab.ca
780-427-5010

ਨਿਊਜ਼ ਰਿਲੀਜ਼

ਪ੍ਰੈੱਸ ਸੈਕਰੇਟਰੀ, ਐਜੂਕੇਸ਼ਨ ਐਂਡ ਚਾਇਲਡਕੇਅਰ


Maddison McKee
Maddison.Mckee@gov.ab.ca
780-427-3665
ਪ੍ਰੈੱਸ ਸੈਕਰੇਟਰੀ, ਪ੍ਰਾਇਮਰੀ ਐਂਡ ਪ੍ਰੀਵੈਂਟੇਟਿਵ ਹੈਲਥ ਸਰਵਿਸਿਜ਼

Kyle Warner
Kyle.Warner@gov.ab.ca
780-644-8417
ਪ੍ਰੈੱਸ ਸੈਕਰੇਟਰੀ, ਹੌਸਪੀਟਲ ਐਂਡ ਸਰਜੀਕਲ ਹੈਲਥ ਸਰਵਿਸਿਜ਼

Amber Edgerton
Amber.Edgerton@gov.ab.ca
780-643-6210
ਪ੍ਰੈੱਸ ਸੈਕਰੇਟਰੀ, ਅਸਿਸਟਿਡ ਲਿਵਿੰਗ ਐਂਡ ਸੋਸ਼ਲ ਸਰਵਿਸਿਜ਼

Nathaniel Dueck
Nathaniel.Dueck@gov.ab.ca
587-336-6182
ਪ੍ਰੈੱਸ ਸੈਕਰੇਟਰੀ, ਪ੍ਰੈੱਸ ਸੈਕਰੇਟਰੀ, ਮੈਂਟਲ ਹੈਲਥ ਐਂਡ ਐਡਿਕਸ਼ਨ